# ਇਹ ਪਰਮੇਸ਼ੁਰ ਦੇ ਪਰਤਾਪ (ਮਹਿਮਾ) ਦਾ ਮਾਮਲਾ ਹੈ

ਫ੍ਰੈਂਕਲਿਨ ਦੁਆਰਾ ਅਧਿਐਨ

ਕੁਝ ਸਾਲ ਪਹਿਲਾਂ ਪੌਲ ਕੇਨ ਨਾਮਕ ਇੱਕ ਪ੍ਰਸਿੱਧ ਨਬੀ ਨੇ ਮੇਰੇ ਇੱਕ ਦੋਸਤ ਨੂੰ ਕਿਹਾ: "*ਫ੍ਰੈਂਕਲਿਨ ਨੂੰ ਕਹਿਣਾ ਕਿ ਇਹ ਪਰਮੇਸ਼ੁਰ ਦੀ ਮਹਿਮਾ ਦਾ ਮਾਮਲਾ ਹੈ।*" ਬੀਤੇ ਸਾਲਾਂ ਵਿੱਚ ਮੈਨੂੰ ਲਗਾਤਾਰ ਉਸ ਦੀ ਕਹੀ ਇਹ ਗੱਲ ਚੇਤੇ ਆਉਂਦੀ ਰਹੀ ਹੈ ਅਤੇ ਇਸੇ ਤੋਂ ਪ੍ਰੇਰਿਤ ਹੋ ਕੇ ਮੈਂ ਇਹ ਅਧਿਐਨ ਤਿਆਰ ਕੀਤਾ ਹੈ।

ਅਸੀਂ ਪਰਮੇਸ਼ੁਰ ਦੇ ਪਰਤਾਪ (ਮਹਿਮਾ) ਲਈ ਸਿਰਜੇ ਗਏ ਹਾਂ।

ਤੂੰ ਮੇਰੇ ਪੁੱਤ੍ਰਾਂ ਨੂੰ ਦੂਰ ਤੋਂ ਲਿਆ, ਅਤੇ ਮੇਰੀਆਂ ਧੀਆਂ ਨੂੰ ਧਰਤੀ ਦੀ ਹੱਦ ਤੋਂ, **ਹਰੇਕ ਜੋ ਮੇਰੇ ਨਾਮ ਤੋਂ ਸਦਾਉਂਦਾ ਹੈ**, ਜਿਹ ਨੂੰ **ਮੈਂ ਆਪਣੇ ਪਰਤਾਪ (ਮਹਿਮਾ) ਲਈ ਉਤਪੰਨ ਕੀਤਾ**, ਜਿਹ ਨੂੰ ਮੈਂ ਸਾਜਿਆ, ਹਾਂ, ਜਿਹ ਨੂੰ ਮੈਂ ਬਣਾਇਆ। (ਯਸਾਯਾਹ 43:6-7)

- ਅਸੀਂ ਸਭ ਯਿਸੂ ਦੇ ਨਾਮ ਤੇ ਸੱਦੇ ਗਏ ਅਤੇ ਉਸ ਸੱਦੇ ਦਾ ਉੱਤਰ ਦਿੱਤਾ (ਯਾਕੂਬ 2:7) ਅਤੇ ਅਸੀਂ **ਉਸ ਦੀ ਮਹਿਮਾ ਲਈ ਸਿਰਜੇ ਗਏ**। ਪਰ, ਸਭਨਾਂ ਨੇ ਪਾਪ ਕੀਤਾ ਅਤੇ **ਪਰਮੇਸ਼ੁਰ ਦੇ ਪਰਤਾਪ** ਤੋਂ ਰਹਿ ਗਏ (ਰੋਮੀਆਂ 3:23) ਅਤੇ ਇਸੇ ਕਰਕੇ ਯਿਸੂ ਧਰਤੀ ਤੇ ਆਇਆ ਕਿ **ਸਾਨੂੰ ਉਸ ਦੇ ਪਰਤਾਪ (ਮਹਿਮਾ) ਨਾਲ ਵਾਪਸ ਜੋੜੇ**। ਸੋ ਉਹ ਦੀ ਕਿਰਪਾ ਨਾਲ ਉਸ ਨਿਸਤਾਰੇ ਦੇ ਕਾਰਨ ਜੋ ਮਸੀਹ ਯਿਸੂ ਤੋਂ ਹੁੰਦਾ ਹੈ ਓਹ **ਮੁਖ਼ਤ** ਧਰਮੀ ਗਿਣੇ ਜਾਂਦੇ ਹਨ। (ਰੋਮੀਆਂ 3:24)

ਯਿਸੂ ਨੇ ਸਾਨੂੰ ਪਰਮੇਸ਼ੁਰ ਦੇ ਪਰਤਾਪ ਨਾਲ ਵਾਪਸ ਜੋੜਨ ਲਈ ਬਹੁਤ ਵੱਡਾ ਮੁੱਲ ਤਾਰਿਆ ਅਤੇ ਇਸ ਕਰਕੇ ਇਹੋ ਸਾਡੇ ਜੀਵਨ ਦਾ ਵੀ ਮੁੱਖ ਉਦੇਸ਼ ਅਤੇ ਟੀਚਾ ਹੋਣਾ ਚਾਹੀਦਾ ਹੈ।

**ਮੂਸਾ** ਸਾਡੇ ਲਈ ਇੱਕ ਬਹੁਤ ਵਧੀਆ ਮਿਸਾਲ ਹੈ ਕਿਉਂਕਿ ਨਿਰਸੰਦੇਹ ਪਰਮੇਸ਼ੁਰ ਦੀ ਮਹਿਮਾ ਹੀ ਉਸ ਦੇ ਜੀਵਨ ਦਾ ਮੁੱਖ ਉਦੇਸ਼ ਅਤੇ ਟੀਚਾ ਸੀ।

**ਮੂਸਾ** ਨੇ ਪਰਮੇਸ਼ੁਰ ਅੱਗੇ ਅਰਜ਼ ਕੀਤੀ, **ਮੈਨੂੰ ਆਪਣਾ ਤੇਜ ਵਿਖਾਈਂ!** (ਕੂਚ 33:18) ਅਤੇ ਪਰਮੇਸ਼ੁਰ ਨੇ ਉਸ ਦੀ ਅਰਜੋਈ ਦਾ ਉੱਤਰ ਇਸ ਕਰਕੇ ਦਿੱਤਾ ਕਿਉਂਕਿ **ਮੂਸਾ** ਉਸ ਬੁਲਾਹਟ ਅਤੇ ਉਦੇਸ਼ ਪ੍ਰਤੀ **ਵਫ਼ਾਦਾਰ ਸੀ** ਜੋ ਪਰਮੇਸ਼ੁਰ ਨੇ ਉਸ ਨੂੰ ਦਿੱਤਾ ਸੀ। ਇਸ ਤੋਂ ਇਲਾਵਾ, ਮੂਸਾ ਪਰਮੇਸ਼ੁਰ ਨੂੰ ਹੋਰ ਡੂੰਘਾਈ ਨਾਲ ਜਾਣਨ ਦਾ ਚਾਹਵਾਨ ਸੀ।

ਮੂਸਾ ਪਰਮੇਸ਼ੁਰ ਨਾਲ ਤਰਕ ਕਰਦਾ ਹੈ;

ਤੈਂ ਆਖਿਆ ਹੈ, ਮੈਂ **ਤੈਨੂੰ ਨਾਉਂ ਤੋਂ ਜਾਣਦਾ ਹਾਂ** ਅਤੇ ਮੇਰੀ **ਕਿਰਪਾ ਦੀ ਨਿਗਾਹ** ਤੇਰੇ ਉੱਤੇ ਹੈ। (ਕੂਚ 33:12)

- ਪਰਮੇਸ਼ੁਰ ਤੁਹਾਡਾ ਨਾਮ ਵੀ ਜਾਣਦਾ ਹੈ:

  ਮੈਂ ਉਨ੍ਹਾਂ ਨੂੰ ਇੱਕ . . . ਸਦੀਪਕ ਨਾਮ ਦਿਆਂਗਾ (ਯਸਾਯਾਹ 56:5)

  . . . ਅਨੰਦ ਹੋਵੋ ਭਈ ਤੁਹਾਡੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ। (ਲੂਕਾ 10:20)

- ਪਰ ਜੇਕਰ ਅਸੀਂ ਉਸ ਤੋਂ ਇਹ ਮੰਗਦੇ ਅਤੇ ਆਸ ਰੱਖਦੇ ਹਾਂ ਕਿ ਉਹ ਸਾਡੇ ਉੱਤੇ ਆਪਣੀ ਹੋਰ ਜ਼ਿਆਦਾ ਮਹਿਮਾ ਜਾਂ ਤੇਜ ਨੂੰ ਪਰਗਟ ਕਰੇ ਤਾਂ ਪਹਿਲਾਂ ਸਾਡੇ ਉੱਤੇ **ਉਸ ਦੀ ਕਿਰਪਾ ਦੀ ਨਿਗਾਹ ਹੋਣੀ ਜ਼ਰੂਰੀ** ਹੈ।

ਸੋ **ਜੇ** ਤੇਰੀ **ਕਿਰਪਾ ਦੀ ਨਿਗਾਹ** ਮੇਰੇ ਉੱਤੇ ਹੈ ਤਾਂ **ਮੈਨੂੰ ਆਪਣਾ ਰਾਹ ਦੱਸ ਕਿ ਮੈਂ ਤੈਨੂੰ ਜਾਣਾਂ** ਤਾਂ ਜੋ ਤੇਰੀ **ਕਿਰਪਾ ਦੀ ਨਿਗਾਹ ਮੇਰੇ ਉੱਤੇ ਰਹੇ**। (ਕੂਚ 33:13)

- ਇਹ ਆਇਤ ਪਰਮੇਸ਼ੁਰ ਦੇ ਵਧੀਕ ਤੋਂ ਵਧੀਕ ਤੇਜ ਅਰਥਾਤ ਮਹਿਮਾ ਨੂੰ ਵੇਖਣ ਦੀ ਕੁੰਜੀ ਹੈ।

ਇਹ ਇਸ ਗੱਲ ਨਾਲ ਸ਼ੁਰੂ ਹੁੰਦੀ ਹੈ: **ਮੈਨੂੰ ਆਪਣਾ ਰਾਹ ਦੱਸ** ਜੋ ਕਿ ਸਾਨੂੰ **ਵਚਨ ਦਾ ਅਧਿਐਨ ਕਰਨ ਨਾਲ** ਪਤਾ ਲੱਗਦਾ ਹੈ। "ਉਸ ਦੇ ਰਾਹਾਂ ਨੂੰ ਜਾਣਨ" ਦਾ ਉਦੇਸ਼ ਅਤੇ ਵਜ੍ਹਾ ਕੇਵਲ ਗਿਆਨ ਹਾਸਲ ਕਰਨਾ ਨਹੀਂ ਹੈ, ਪਰ ਇਸ ਦੇ ਪਿੱਛੇ **ਸਾਡਾ ਟੀਚਾ** ਇਹ ਹੋਣਾ ਚਾਹੀਦਾ ਹੈ ਕਿ **ਮੈਂ ਪ੍ਰਭੂ ਨੂੰ** ਹੋਰ ਚੰਗੀ ਤਰ੍ਹਾਂ **ਜਾਣਾਂ**। ਟੀਚਾ ਹੈ ਪ੍ਰੇਮ ਅਤੇ ਸ਼ਰਧਾ ਵਾਲਾ ਉਹ ਸੰਬੰਧ ਕਾਇਮ ਕਰਨਾ ਜੋ ਲਗਾਤਾਰ ਡੂੰਘਾ ਅਤੇ ਗੂੜ੍ਹਾ ਹੁੰਦਾ ਜਾਵੇ।

ਇਸ ਤਰ੍ਹਾਂ ਦੇ ਸੰਬੰਧ ਦਾ ਸੁਭਾਵਕ ਨਤੀਜਾ ਉਸ ਜੀਵਨ ਦੇ ਰੂਪ ਵਿੱਚ ਨਿੱਕਲਦਾ ਹੈ ਜੋ ਕਿ **ਉਸ ਦੇ ਰਾਹਾਂ** ਦੇ ਅਨੁਸਾਰ ਬਿਤਾਇਆ ਜਾਂਦਾ ਹੈ, ਨਾ ਕਿ ਸੰਸਾਰ ਦੇ ਰਾਹਾਂ ਅਨੁਸਾਰ, ਤਾਂ ਜੋ ਅਸੀਂ **ਉਸ ਨੂੰ ਪ੍ਰਸੰਨ ਕਰ ਸਕੀਏ** ਅਤੇ ਉਸ ਦੀ ਹਮੇਸ਼ਾ ਵਧਦੀ ਜਾਣ ਵਾਲੀ **ਕਿਰਪਾ** ਦੀ ਨਿਗਾਹ ਸਾਡੇ ਉੱਤੇ ਹੋ ਸਕੇ।

ਤਦ ਹੀ ਅਸੀਂ ਮੂਸਾ ਵਾਂਗ ਇਹ ਪੁਕਾਰ ਸਕਦੇ ਹਾਂ: **ਮੈਨੂੰ ਆਪਣਾ ਤੇਜ ਵਿਖਾਈਂ!**

ਅਤੇ ਪਰਮੇਸ਼ੁਰ ਨੂੰ ਇਸ ਤਰ੍ਹਾਂ ਕਰਨਾ ਚੰਗਾ ਵੀ ਲੱਗਦਾ ਹੈ ਕਿਉਂਕਿ:

ਪਰ ਜਾਂ ਕੋਈ ਪ੍ਰਭੁ ਦੀ ਵੱਲ ਫਿਰੇਗਾ ਤਾਂ ਉਹ ਪੜਦਾ ਚੁਫੇਰਿਓਂ ਚੁੱਕ ਲਿਆ ਜਾਵੇਗਾ (2 ਕੁਰਿੰਥੀਆਂ 3:16)। ਅਤੇ ਅਸੀਂ ਸਭ ਅਣਕੱਜੇ ਮੁੱਖ ਨਾਲ ਪ੍ਰਭੁ ਦੇ **ਤੇਜ** ਦਾ ਮਾਨੋ ਸ਼ੀਸ਼ੇ (ਉਸ ਦੇ ਵਚਨ ਅਤੇ ਉਸ ਦੀ ਸ੍ਰਿਸ਼ਟ) ਵਿੱਚੋਂ ਪ੍ਰਤਿਬਿੰਬ ਵੇਖਦੇ ਹੋਏ **ਤੇਜ ਤੋਂ ਤੇਜ ਤੀਕ** ਜਿਵੇਂ ਪ੍ਰਭੁ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ **ਬਦਲਦੇ ਜਾਂਦੇ** ਹਾਂ। 2 ਕੁਰਿੰਥੀਆਂ 3:18

ਸਾਰੀ ਸ੍ਰਿਸ਼ਟੀ ਉਸ ਦੇ ਤੇਜ ਨਾਲ ਭਰਪੂਰ ਹੈ।
ਅਤੇ ਹਰ ਆਮ ਝਾੜੀ ਪਰਮੇਸ਼ੁਰ ਨਾਲ ਬਲ ਰਹੀ ਹੈ।
ਪਰ ਜਿਸ ਕੋਲ ਵੇਖਣ ਦੀਆਂ ਅੱਖਾਂ ਹਨ ਕੇਵਲ ਉਹੋ ਆਪਣੀ ਪੈਰਾਂ ਤੋਂ ਜੁੱਤੀ ਲਾਹੁੰਦਾ ਹੈ।
ਬਾਕੀ ਲੋਕ ਆਲੇ ਦੁਆਲੇ ਬੈਠੇ ਬਸ ਬੇਰ ਹੀ ਖਾਂਦੇ ਹਨ।
ਏਲੀਜ਼ਾਬੈਥ ਬੈਰਟ ਬਰਾਉਨਿੰਗ

ਇਹ **ਬਦਲਾਵ ਸਾਡੇ ਜੀਵਨ ਵਾਸਤੇ** ਪਰਮੇਸ਼ੁਰ ਦੀ **ਇੱਛਾ ਅਤੇ ਯੋਜਨਾ** ਹੈ ਅਤੇ ਇਹ ਉਸ ਦੀ ਹਜ਼ੂਰੀ ਵਿੱਚ ਜ਼ਿੰਦਗੀ ਬਿਤਾਉਣ ਤੋਂ ਮਿਲਦਾ ਹੈ – ਭਾਵ, "ਉਸ ਦੇ ਰਾਹਾਂ ਨੂੰ" ਸਿੱਖਣ ਨਾਲ, "ਉਸ ਨੂੰ ਤੱਕਣ ਨਾਲ।"

ਅਤੇ ਸ਼ਬਦ ਦੇਹਧਾਰੀ ਹੋਇਆ ਅਤੇ **ਕਿਰਪਾ ਅਤੇ ਸਚਿਆਈ ਨਾਲ ਭਰਪੂਰ** ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ **ਅਸਾਂ ਉਸ ਦਾ ਤੇਜ** ਪਿਤਾ ਦੇ ਇਕਲੌਤੇ ਦੇ ਤੇਜ ਵਰਗਾ **ਡਿੱਠਾ**। ਯੂਹੰਨਾ 1:14

ਜਦੋਂ ਅਸੀਂ ਪ੍ਰਾਰਥਨਾ ਸਹਿਤ ਉਸ ਦੇ ਵਚਨ ਦਾ ਅਧਿਐਨ ਕਰਨਾ ਜਾਰੀ ਰੱਖਦੇ ਹਾਂ ਤਾਂ ਸਾਨੂੰ ਉਸ ਦੀ ਭਰਪੂਰ **ਕਿਰਪਾ ਅਤੇ ਸਚਿਆਈ - ਉਸ ਦੇ ਰਾਹਾਂ** - ਦਾ ਹੋਰ ਜ਼ਿਆਦਾ ਗਿਆਨ ਹੁੰਦਾ ਜਾਂਦਾ ਹੈ – ਅਸੀਂ ਉਸ ਨੂੰ ਹੋਰ ਜ਼ਿਆਦਾ ਡੂੰਘਾਈ ਨਾਲ **ਜਾਣਨ ਲੱਗਦੇ** ਹਾਂ – **ਉਸ ਦੇ ਤੇਜ** ਨੂੰ ਹੋਰ ਜ਼ਿਆਦਾ ਸਪਸ਼ਟਤਾ ਨਾਲ **ਵੇਖਣ ਲੱਗਦੇ** ਹਾਂ – ਅਤੇ ਅਸੀਂ **ਤੇਜ ਤੋਂ ਤੇਜ ਤੀਕ ਉਸ ਦੇ ਸਰੂਪ ਵਿੱਚ ਬਦਲਦੇ ਜਾਂਦੇ** ਹਾਂ, ਅਤੇ ਸਾਡੇ ਜੀਵਨ ਵਿੱਚ ਵੀ ਉਸ ਦੀ **ਕਿਰਪਾ ਅਤੇ ਸਚਿਆਈ** ਜ਼ਿਆਦਾ ਤੋਂ ਜ਼ਿਆਦਾ ਹੁੰਦੀ ਜਾਂਦੀ ਹੈ।

ਲੋਕ ਯਿਸੂ ਵੱਲ ਇਸ ਲਈ ਖਿੱਚੇ ਆਉਂਦੇ ਸਨ ਕਿਉਂਕਿ **ਉਹ** **ਕਿਰਪਾ ਅਤੇ ਸਚਿਆਈ ਨਾਲ ਭਰਪੂਰ** ਸੀ ਅਤੇ ਉਸ ਵਿੱਚੋਂ ਪਰਮੇਸ਼ੁਰ ਦਾ ਤੇਜ ਦਿੱਸਦਾ **ਸੀ**।

ਅਤੇ **ਵੱਡੀਆਂ ਭੀੜਾਂ** ਗਲੀਲ ਅਤੇ ਦਿਕਾਪੁਲਿਸ ਅਤੇ ਯਰੂਸ਼ਲਮ ਅਤੇ ਯਹੂਦਿਯਾ ਅਤੇ ਯਰਦਨ ਦੇ ਪਾਰੋਂ **ਉਹ ਦੇ ਮਗਰ ਲੱਗ ਪਈਆਂ**। ਮੱਤੀ 4:25

ਫਿਰ ਆਪਣਾ ਉਦੇਸ਼ ਪੂਰਾ ਕਰਦੇ ਹੋਏ ਯਿਸੂ ਨੇ ਕਿਹਾ:

ਯੂਹੰਨਾ 13:31 **ਹੁਣ** ਮਨੁੱਖ ਦੇ **ਪੁੱਤ੍ਰ** ਦੀ **ਵਡਿਆਈ** ਅਰ ਉਹ ਦੇ ਵਿੱਚ **ਪਰਮੇਸ਼ੁਰ ਦੀ ਵਡਿਆਈ ਕੀਤੀ ਜਾਂਦੀ** ਹੈ

- ਕਿਉਂ? ਕਿਉਂਕਿ ਯਿਸੂ ਆਪਣੇ ਉਸ ਉਦੇਸ਼ ਦੇ ਪ੍ਰਤੀ ਵਫ਼ਾਦਾਰ ਸੀ ਜੋ ਉਸ ਨੂੰ ਸੌਂਪਿਆ ਗਿਆ ਸੀ। ਇਸੇ ਉਦੇਸ਼ ਨੂੰ ਪੂਰਾ ਕਰਦੇ ਹੋਏ ਉਸ ਨੇ ਆਪਣੇ ਪਿਤਾ ਨੂੰ ਪਰਗਟ ਕੀਤਾ ਅਤੇ ਉਸ ਨੂੰ ਮਹਿਮਾ ਅਤੇ ਆਦਰ ਦਿੱਤਾ।

- ਸਾਨੂੰ ਵੀ ਇਸੇ ਤਰ੍ਹਾਂ ਕਰਨਾ ਚਾਹੀਦਾ ਹੈ, ਭਾਵ ਕਿ ਉਸ ਦੇ ਪ੍ਰਤੀ ਅਤੇ ਉਸ ਦੇ ਉਦੇਸ਼ ਪ੍ਰਤੀ ਵਫ਼ਾਦਾਰ ਹੋਣਾ ਚਾਹੀਦਾ ਹੈ ਜਿਸ ਨਾਲ ਯਿਸੂ ਨੂੰ ਅਤੇ ਸਾਡੇ ਪਿਤਾ ਨੂੰ ਵਡਿਆਈ ਮਿਲਦੀ ਹੈ ਅਤੇ ਬਦਲੇ ਵਿੱਚ ਉਹ ਸਾਨੂੰ ਵਡਿਆਈ ਦਿੰਦਾ ਹੈ।

ਯੂਹੰਨਾ 13:32 **ਜੇ ਪਰਮੇਸ਼ੁਰ ਦੀ ਵਡਿਆਈ ਉਹ ਦੇ** (ਯਿਸੂ) **ਵਿੱਚ ਕੀਤੀ ਗਈ** ਤਾਂ ਪਰਮੇਸ਼ੁਰ **ਆਪਣੇ ਵਿੱਚ** ਉਹ ਦੀ ਵਡਿਆਈ ਕਰੇਗਾ ਸਗੋਂ ਹੁਣੇ ਉਹ ਦੀ ਵਡਿਆਈ ਕਰੇਗਾ।

- ਯਿਸੂ ਇੱਕ ਆਗਿਆਕਾਰੀ ਪੁੱਤਰ ਦੇ ਤੌਰ ਤੇ ਪਿਤਾ ਦੀ ਵਡਿਆਈ ਕਰਦਾ ਹੈ, ਭਾਵ ਕਿ ਪਿਤਾ ਦੇ ਪ੍ਰੇਮ ਅਤੇ ਤਰਸ ਭਰੇ ਹਿਰਦੇ ਨੂੰ ਪਰਗਟ ਕਰਦਾ ਹੈ ਅਤੇ ਉਹ ਇਹ ਕੰਮ ਕਿਵੇਂ ਕਰਦਾ ਹੈ? ਪਿਤਾ ਦੀਆਂ ਗੱਲਾਂ ਸਾਡੇ ਤੀਕ ਪਹੁੰਚਾਉਣ ਅਤੇ ਉਸੇ ਅਨੁਸਾਰ ਕੰਮ ਕਰਦੇ ਹੋਏ।
- ਯਿਸੂ ਧਰਤੀ ਉੱਤੇ ਪਿਤਾ ਦਾ ਪ੍ਰਤਿਬਿੰਬ ਬਣ ਕੇ ਪਿਤਾ ਨੂੰ ਮਹਿਮਾ ਦਿੰਦਾ ਹੈ ਅਤੇ ਜਵਾਬ ਵਿੱਚ ਪਿਤਾ ਆਪਣੇ ਪੁੱਤਰ ਨੂੰ ਮਹਿਮਾ ਅਤੇ ਆਦਰ ਦਿੰਦਾ ਹੈ।

ਯੂਹੰਨਾ 17:4-5 ਜਿਹੜਾ **ਕੰਮ** ਤੈਂ ਮੈਨੂੰ ਕਰਨ ਲਈ ਦਿੱਤਾ ਸੀ ਉਹ **ਪੂਰਾ ਕਰ ਕੇ ਮੈਂ** ਧਰਤੀ ਉੱਤੇ **ਤੇਰੀ ਵਡਿਆਈ ਕੀਤੀ**। 5 ਹੁਣ ਹੇ ਪਿਤਾ
ਤੂੰ ਆਪਣੀ **ਸੰਗਤ** ਦੀ ਉਸ ਵਡਿਆਈ ਨਾਲ ਜੋ ਮੈਂ ਜਗਤ ਦੇ ਹੋਣ ਤੋਂ ਅੱਗੇ ਹੀ ਤੇਰੇ ਨਾਲ ਰੱਖਦਾ ਸਾਂ ਮੇਰੀ ਵਡਿਆਈ ਪਰਗਟ ਕਰ।

- ਯਿਸੂ ਨੇ ਉਸ ਨੂੰ ਸੌਂਪੇ ਗਏ ਉਦੇਸ਼ ਪ੍ਰਤੀ ਸਮਰਪਿਤ ਰਹਿ ਕੇ ਪਿਤਾ ਦੀ ਵਡਿਆਈ ਕੀਤੀ।

ਮੱਤੀ 9:35-38 ਯਿਸੂ ਉਨ੍ਹਾਂ ਦੀਆਂ ਸਮਾਜਾਂ ਵਿੱਚ **ਉਪਦੇਸ਼ ਦਿੰਦਾ** ਅਤੇ ਰਾਜ ਦੀ **ਖੁਸ਼ ਖ਼ਬਰੀ ਦਾ ਪਰਚਾਰ ਕਰਦਾ** ਹੋਇਆ ਅਤੇ ਸਾਰੇ
ਰੋਗ ਅਤੇ ਸਾਰੀ ਮਾਂਦਗੀ **ਦੂਰ ਕਰਦਾ** ਹੋਇਆ **ਸਰਬੱਤ ਨਗਰਾਂ** ਅਤੇ ਪਿੰਡਾਂ ਵਿੱਚ **ਫਿਰਿਆ**। 36 ਅਤੇ ਜਾਂ ਉਹ ਨੇ **ਭੀੜਾਂ ਵੇਖੀਆਂ** ਤਾਂ ਉਸ ਨੂੰ
ਉਨ੍ਹਾਂ ਉੱਤੇ **ਤਰਸ** ਆਇਆ ਕਿਉਂ ਜੋ ਉਨ੍ਹਾਂ ਭੇਡਾਂ ਵਾਂਙੁ ਜਿਨ੍ਹਾਂ ਦਾ ਅਯਾਲੀ ਨਾ ਹੋਵੇ ਓਹ ਲੋਕ ਮਾੜੇ ਹਾਲ ਅਤੇ ਡਾਵਾਂ ਡੋਲ ਫਿਰਦੇ ਸਨ।
37 **ਤਦ ਉਹ ਨੇ ਆਪਣੇ ਚੇਲਿਆਂ ਨੂੰ ਆਖਿਆ**, ਖੇਤੀ ਪੱਕੀ ਹੋਈ ਤਾਂ ਬਹੁਤ ਹੈ ਪਰ ਵਾਢੇ ਥੋੜੇ ਹਨ। 38 ਇਸ ਲਈ ਤੁਸੀਂ ਖੇਤੀ ਦੇ ਮਾਲਕ
ਦੇ ਅੱਗੇ ਬੇਨਤੀ ਕਰੋ ਜੋ ਉਹ ਆਪਣੀ ਖੇਤੀ ਵੱਢਣ ਨੂੰ ਵਾਢੇ ਘੱਲ ਦੇਵੇ।

- ਉਹ ਇਕੱਲਾ ਮਨੁੱਖ ਸੀ – ਜਦਕਿ ਖੇਤੀ ਪੂਰੇ ਸੰਸਾਰ ਦੀ ਕਰਨੀ ਸੀ – ਇਸੇ ਲਈ ਉਸ ਨੇ ਤੁਹਾਨੂੰ ਅਤੇ ਮੈਨੂੰ ਬੁਲਾਇਆ।

- ਹੁਣ ਯਿਸੂ ਨੇ ਸਾਨੂੰ ਵੀ **ਉਹੋ ਉਦੇਸ਼** ਸੌਂਪਿਆ ਹੈ, ਭਾਵ ਕਿ ਅਸੀਂ ਵੀ ਸਾਨੂੰ ਸੌਂਪੇ ਗਏ ਕੰਮ ਨੂੰ ਪੂਰਾ ਕਰਦੇ ਹੋਏ **ਆਪਣੇ ਪਿਤਾ ਦੀ ਵਡਿਆਈ ਕਰੀਏ**।

  ਯੂਹੰਨਾ 20:21 . . . ਜਿਵੇਂ ਪਿਤਾ ਨੇ ਮੈਨੂੰ ਭੇਜਿਆ ਹੈ, ਮੈਂ ਵੀ ਤੁਹਾਨੂੰ ਭੇਜਦਾ ਹਾਂ।"

ਮੱਤੀ 10:1 ਉਸ ਨੇ ਆਪਣੇ ਬਾਰਾਂ ਚੇਲਿਆਂ ਨੂੰ ਕੋਲ ਸੱਦ ਕੇ ਉਨ੍ਹਾਂ ਨੂੰ **ਇਖ਼ਤਿਆਰ ਦਿੱਤਾ** ਜੋ ਭ੍ਰਿਸ਼ਟ ਆਤਮਿਆਂ ਨੂੰ ਕੱਢਣ ਅਤੇ ਸਾਰੇ ਰੋਗ
ਅਤੇ ਸਾਰੀ ਮਾਂਦਗੀ ਨੂੰ **ਦੂਰ ਕਰਨ** . . . 7 ਅਤੇ ਤੁਰਦੇ ਤੁਰਦੇ ਪਰਚਾਰ ਕਰ ਕੇ ਆਖੋ ਭਈ ਸੁਰਗ ਦਾ ਰਾਜ ਨੇੜੇ ਆਇਆ ਹੈ। 8 ਰੋਗੀਆਂ
ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ। ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ।

- ਇਸ ਤਰ੍ਹਾਂ ਦੀ ਸੇਵਕਾਈ ਸਾਡੇ ਪਿਤਾ ਨੂੰ, ਪ੍ਰਭੂ ਯਿਸੂ ਮਸੀਹ ਦੇ ਹਿਰਦੇ ਨੂੰ ਅਤੇ ਉਸ ਦੇ ਤੇਜ ਅਤੇ ਆਦਰ ਨੂੰ ਪਰਗਟ ਕਰਦੀ ਹੈ।

- ਫਿਰ ਜਦੋਂ ਅਸੀਂ ਆਪਣੇ ਉਦੇਸ਼ ਨੂੰ ਪੂਰਾ ਕਰ ਲਵਾਂਗੇ ਤਾਂ ਸਾਨੂੰ ਵੀ ਆਪਣੇ ਪ੍ਰਭੂ ਯਿਸੂ ਮਸੀਹ ਅਤੇ ਪਿਤਾ ਵਿੱਚ ਅਤੇ ਉਨ੍ਹਾਂ ਦੇ ਨਾਲ ਵਡਿਆਈ ਮਿਲੇਗੀ।

ਯੂਹੰਨਾ 14:10-14 ਕੀ ਤੂੰ ਸਤ ਨਹੀਂ **ਮੰਨਦਾ** ਜੋ ਮੈਂ ਪਿਤਾ ਵਿੱਚ ਅਰ ਪਿਤਾ ਮੇਰੇ ਵਿੱਚ ਹੈ? ਏਹ ਗੱਲਾਂ ਜਿਹੜੀਆਂ ਮੈਂ ਤੁਹਾਨੂੰ ਆਖਦਾ ਹਾਂ ਆਪ ਤੋਂ ਨਹੀਂ ਆਖਦਾ,

(ਵੇਖੋ: ਯੂਹੰਨਾ 5:19-22, 30; 8:28)

ਪਰ **ਪਿਤਾ ਮੇਰੇ ਵਿੱਚ ਰਹਿੰਦਿਆਂ ਆਪਣੇ ਕੰਮ ਕਰਦਾ ਹੈ।**

- ਹੁਣ, ਯਿਸੂ **ਆਪਣਾ ਕੰਮ ਕਰਨ** ਲਈ ਸਾਡੇ ਅੰਦਰ ਵਾਸ ਕਰਦਾ ਹੈ – ਭਾਵ ਕਿ ਪਿਤਾ ਦਾ ਕੰਮ ਕਰਨ ਲਈ।
- ਜਦੋਂ ਅਸੀਂ ਯਿਸੂ ਵਿੱਚ ਬਣੇ ਰਹਿੰਦੇ ਹਾਂ ਤਾਂ ਅਸੀਂ "ਉਸ ਦੇ ਉਹ ਕੰਮ" ਕਰਾਂਗੇ ਜੋ ਸਾਡੇ ਪ੍ਰਭੂ ਯਿਸੂ ਮਸੀਹ ਨੂੰ ਪਰਗਟ ਕਰਦੇ ਹਨ ਅਤੇ ਜਿਨ੍ਹਾਂ ਤੋਂ ਉਸ ਦੀ ਵਡਿਆਈ ਹੁੰਦੀ ਹੈ ਅਤੇ ਜਿਨ੍ਹਾਂ ਦੁਆਰਾ ਸਾਡਾ ਪਿਤਾ ਵੀ ਪਰਗਟ ਹੁੰਦਾ ਹੈ ਅਤੇ ਉਸ ਦੀ ਵਡਿਆਈ ਹੁੰਦੀ ਹੈ।

11 **ਮੇਰੀ ਪਰਤੀਤ ਕਰੋ** ਕਿ ਮੈਂ ਪਿਤਾ ਵਿੱਚ ਅਤੇ ਪਿਤਾ ਮੇਰੇ ਵਿੱਚ ਹੈ, ਨਹੀਂ ਤਾਂ **ਕੰਮਾਂ** ਹੀ **ਦੇ ਕਾਰਨ ਮੇਰੀ ਪਰਤੀਤ ਕਰੋ।**

- ਵੱਡਾ ਵਿਸ਼ਵਾਸ ਬਿਨਾਂ ਵੇਖੇ ਪਰਤੀਤ ਕਰਦਾ ਹੈ, ਮਤਲਬ ਕਿ ਯਿਸੂ ਨੇ ਕਿਹਾ, ਬਸ ਅਸੀਂ ਮੰਨ ਲਿਆ। ਸੋ ਇਸ ਤਰ੍ਹਾਂ ਅਸੀਂ ਉਸ ਦਾ ਆਦਰ ਅਤੇ ਸੇਵਾ ਕਰਦੇ ਹਾਂ। (ਧੰਨ ਓਹ ਜਿਨ੍ਹਾਂ ਨਹੀਂ ਵੇਖਿਆ ਤਾਂ ਵੀ ਪਰਤੀਤ ਕਰਦੇ ਹਨ। ਯੂਹੰਨਾ 20:29) ਪਰ ਦੂਸੇ ਪਾਸੇ, ਜੇਕਰ ਕਿਸੇ ਦਾ ਵਿਸ਼ਵਾਸ ਛੋਟਾ ਹੈ - ਜਦਕਿ ਟੀਚਾ ਇਹੋ ਹੈ ਕਿ ਆਪਣੇ ਪਿਤਾ ਦੇ ਹਿਰਦੇ ਅਤੇ ਉਸ ਦੇ ਉਸ ਪ੍ਰੇਮ ਨੂੰ ਪਰਗਟ ਕੀਤਾ ਜਾਵੇ ਜੋ ਉਹ ਆਪਣੇ ਲੋਕਾਂ ਪ੍ਰਤੀ ਰੱਖਦਾ ਹੈ – ਤਾਂ ਵਿਅਕਤੀ ਚਿੰਨਾਂ ਅਤੇ ਅਚੰਭਿਆਂ ਰਾਹੀਂ ਪਰਮੇਸ਼ੁਰ ਉੱਤੇ ਵਿਸ਼ਵਾਸ ਕਰਦਾ ਹੈ ਅਤੇ ਉਸ ਦਾ ਆਦਰ ਅਤੇ ਉਸ ਦੀ ਵਡਿਆਈ ਕਰਦਾ ਹੈ।

12 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ **ਮੇਰੇ ਉੱਤੇ ਨਿਹਚਾ ਕਰਦਾ** ਹੈ ਸੋ ਏਹ **ਕੰਮ** ਜਿਹੜੇ ਮੈਂ ਕਰਦਾ ਹਾਂ **ਉਹ ਭੀ ਕਰੇਗਾ** ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ।

- ਜਿਵੇਂ ਪਿਤਾ ਨੇ ਪੁੱਤਰ ਨੂੰ ਭੇਜਿਆ ਉਸੇ ਤਰ੍ਹਾਂ ਹੁਣ ਪੁੱਤਰ ਉਨ੍ਹਾਂ ਨੂੰ ਜੋ ਉਸ ਉੱਤੇ ਵਿਸ਼ਵਾਸ ਕਰਦੇ ਹਨ ਭੇਜਦਾ ਹੈ ਕਿ ਉਹ ਵੀ ਉਨ੍ਹਾਂ **ਚਿੰਨਾਂ**, **ਅਚੰਭਿਆਂ** ਅਤੇ **ਚਮਤਕਾਰਾਂ** ਰਾਹੀਂ ਪੁੱਤਰ ਅਤੇ ਸਾਡੇ ਪਿਤਾ ਦੀ ਵਡਿਆਈ ਕਰਨ ਜੋ ਉਸ ਦੇ ਪ੍ਰੇਮ ਦੀ ਮੁਨਾਦੀ ਕਰਦੇ ਹਨ ਅਤੇ ਉਸ ਦੇ ਤੇਜ (ਮਹਿਮਾ) ਨੂੰ ਪਰਗਟ ਕਰਦੇ ਹਨ।

ਯੂਹੰਨਾ 17: 22-24 ਅਤੇ ਜਿਹੜੀ **ਵਡਿਆਈ** ਤੈਂ ਮੈਨੂੰ ਦਿੱਤੀ ਹੈ ਉਹ ਮੈਂ ਓਹਨਾਂ ਨੂੰ ਦਿੱਤੀ ਹੈ ਤਾਂ ਜੋ ਓਹ **ਇੱਕੋ** ਹੋਣ ਜਿਸ ਤਰ੍ਹਾਂ ਅਸੀਂ ਇੱਕੋ ਹਾਂ; 23 **ਮੈਂ ਓਹਨਾਂ ਵਿੱਚ ਅਤੇ ਤੂੰ ਮੇਰੇ ਵਿੱਚ** ਤਾਂ ਕਿ ਓਹ ਸਿੱਧ ਹੋ ਕੇ ਇੱਕ ਹੋ ਜਾਣ **ਭਈ** ਜਗਤ ਜਾਣ ਲਵੇ ਜੋ **ਤੈਂ ਮੈਨੂੰ ਘੱਲਿਆ** ਅਤੇ **ਓਹਨਾਂ ਨਾਲ ਪਿਆਰ ਕੀਤਾ** ਜਿਵੇਂ ਤੈਂ ਮੇਰੇ ਨਾਲ ਪਿਆਰ ਕੀਤਾ।

- ਜਿਵੇਂ ਮੂਸਾ ਨੇ ਕਿਹਾ:
  ਫੇਰ ਇਹ ਕਿਵੇਂ ਜਾਣਿਆ ਜਾਵੇਗਾ ਭਈ ਤੇਰੀ **ਕਿਰਪਾ** ਦੀ ਨਿਗਾਹ ਮੇਰੇ ਉੱਤੇ ਅਤੇ ਤੇਰੀ ਪਰਜਾ ਉੱਤੇ ਹੈ? ਕੀ ਏਹ ਐਉਂ ਨਹੀਂ ਭਈ **ਤੂੰ ਸਾਡੇ ਨਾਲ ਜਾਂਦਾ ਹੈਂ ਸੋ** ਅਸੀਂ ਅਰਥਾਤ ਮੈਂ ਅਰ ਤੇਰੀ ਏਹ ਪਰਜਾ **ਸਾਰਿਆਂ ਲੋਕਾਂ ਵਿੱਚੋਂ** ਜਿਹੜੇ ਜ਼ਮੀਨ ਉੱਤੇ ਹਨ **ਅਣੋਖੇ ਰੱਖੇ** ਹੋਏ ਹਾਂ? ਕੂਚ 33:16

  ਸਾਡੇ ਜੀਵਨਾਂ ਵਿੱਚ "ਪ੍ਰਭੂ ਦੀ ਹਜ਼ੂਰੀ" ਅਤੇ ਸਾਡੇ ਉੱਤੇ ਉਸ ਦਾ ਤੇਜ ਹੀ ਸਾਨੂੰ "ਬਾਕੀ ਸਾਰਿਆਂ ਲੋਕਾਂ" ਤੋਂ ਅੱਡ ਕਰਦੇ ਹਨ। ਉਸ ਦੀ ਹਜ਼ੂਰੀ ਅੱਤ ਜ਼ਰੂਰੀ ਹੈ।

ਇਹ ਬੇਹੱਦ ਜ਼ਰੂਰੀ ਹੈ ਕਿ: ਅਸੀਂ ਸਭ ਅਣਕੱਜੇ ਮੁਖ ਨਾਲ ਪ੍ਰਭੂ ਦੇ **ਤੇਜ** ਦਾ ਮਾਨੋ ਸ਼ੀਸ਼ੇ (ਉਸ ਦੇ ਵਚਨ ਅਤੇ ਉਸ ਦੀ ਸ੍ਰਿਸ਼ਟ) ਵਿੱਚੋਂ ਪ੍ਰਤੀਬਿੰਬ ਵੇਖਦੇ ਹੋਏ (ਉਸ ਨੂੰ ਤੱਕਦੇ ਹੋਏ) **ਤੇਜ ਤੋਂ ਤੇਜ ਤੀਕ** ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ **ਬਦਲਦੇ ਜਾਂਦੇ** ਹਾਂ (2 ਕੁਰੰਥੀਆਂ 3:18)   ਅਤੇ ਫਿਰ . . .

13 ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ਤਾਂ **ਜੋ ਪੁੱਤ੍ਰ ਵਿੱਚ ਪਿਤਾ ਦੀ ਵਡਿਆਈ ਹੋਵੇ**। 14 ਜੇ ਤੁਸੀਂ ਮੇਰਾ ਨਾਮ ਲੈ ਕੇ ਮੈਥੋਂ ਕੁਝ ਮੰਗੋਗੇ ਤਾਂ ਮੈਂ ਉਹੋ ਕਰਾਂਗਾ।

## ਇਹ ਪੂਰੀ ਤਰ੍ਹਾਂ ਪਰਮੇਸ਼ੁਰ ਦੇ ਪਰਤਾਪ ਦਾ ਮਾਮਲਾ ਹੈ

### ਅਸੀਂ ਇਸੇ ਮਕਸਦ ਲਈ ਸਿਰਜੇ ਗਏ ਹਾਂ

ਤੂੰ ਨਾ ਡਰ, **ਮੈਂ ਤੇਰੇ ਅੰਗ ਸੰਗ ਜੋ ਹਾਂ**, ਮੈਂ ਤੇਰੀ ਅੰਸ ਨੂੰ ਪੂਰਬ ਤੋਂ **ਲੈ ਆਵਾਂਗਾ**, ਅਤੇ ਤੈਨੂੰ ਪੱਛਮ ਤੋਂ **ਇਕੱਠਾ ਕਰਾਂਗਾ**। 6 ਮੈਂ ਉੱਤਰ ਨੂੰ
ਆਖਾਂਗਾ, ਦੇ ਦੇਹ! ਅਤੇ ਦੱਖਣ ਨੂੰ, ਰੋਕ ਕੇ ਨਾ ਰੱਖ! ਤੂੰ ਮੇਰੇ ਪੁੱਤ੍ਰਾਂ ਨੂੰ ਦੂਰ ਤੋਂ **ਲਿਆ**, ਅਤੇ ਮੇਰੀਆਂ ਧੀਆਂ ਨੂੰ ਧਰਤੀ ਦੀ ਹੱਦ ਤੋਂ, 7 **ਹਰੇਕ
ਜੋ ਮੇਰੇ ਨਾਮ ਤੋਂ ਸਦਾਉਂਦਾ ਹੈ**, ਜਿਹ ਨੂੰ

### ਮੈਂ ਆਪਣੇ ਪਰਤਾਪ ਲਈ ਉਤਪੰਨ ਕੀਤਾ,

ਜਿਹ ਨੂੰ ਮੈਂ ਸਾਜਿਆ, ਹਾਂ, ਜਿਹ ਨੂੰ ਮੈਂ ਬਣਾਇਆ।   ਯਸਾਯਾਹ 43:5-7

ਉਹ "ਸਾਡੇ ਨਾਲ" ਹੈ ਕਿ ਆਪਣੇ ਉਨ੍ਹਾਂ "ਪੁੱਤ੍ਰਾਂ ਅਤੇ ਧੀਆਂ ਨੂੰ ਲੈ ਆਵੇ" "ਜੋ ਉਸ ਦੇ ਨਾਮ ਤੋਂ ਸਦਾਉਂਦੇ ਹਨ," ਉਹ ਜਿਨ੍ਹਾਂ ਨੂੰ "ਉਸ ਨੇ ਆਪਣੇ ਪਰਤਾਪ ਲਈ ਸਿਰਜਿਆ ਹੈ।"  ਧਰਤੀ ਉੱਤੇ ਇਹੋ ਸਾਡਾ ਉਦੇਸ਼ ਹੈ।

ਜ਼ਬੂਰ 67:1-2  ਪਰਮੇਸ਼ੁਰ ਸਾਡੇ ਉੱਤੇ **ਦਯਾ ਕਰੇ** ਅਤੇ ਸਾਨੂੰ **ਬਰਕਤ ਦੇਵੇ**, ਅਤੇ **ਆਪਣਾ ਮੁਖੜਾ ਸਾਡੇ ਉੱਤੇ ਚਮਕਾਵੇ** – ਸਾਨੂੰ ਆਪਣਾ
ਤੇਜ ਬਖਸ਼ੇ। ਕਿਸ ਉਦੇਸ਼ ਲਈ? 2 ਤਾਂ ਜੋ **ਤੇਰਾ ਰਾਹ** ਧਰਤੀ ਉੱਤੇ, **ਤੇਰੀ ਮੁਕਤੀ** ਸਾਰੀਆਂ ਕੌਮਾਂ ਦੇ ਵਿੱਚ **ਜਾਣੀ ਜਾਵੇ** . . 7 ਪਰਮੇਸ਼ੁਰ
ਸਾਨੂੰ ਬਰਕਤ ਦੇਵੇਗਾ, ਅਤੇ ਧਰਤੀ ਦੀਆਂ ਚਾਰੇ ਕੂੰਟਾਂ ਉਸ ਦਾ ਭੈ ਮੰਨਣਗੀਆਂ

- ਧਰਤੀ ਉੱਤੇ **ਸਾਡਾ ਉਦੇਸ਼** ਇਹ ਹੈ ਕਿ ਅਸੀਂ ਪ੍ਰਭੂ ਯਿਸੂ ਅਤੇ ਪਰਮੇਸ਼ੁਰ ਪਿਤਾ ਨੂੰ **ਪਰਗਟ ਕਰੀਏ**। ਅਸੀਂ ਪ੍ਰਭੂ ਯਿਸੂ ਨੂੰ ਆਪਣੇ ਅੰਦਰ ਵੱਸਣ ਦੇਈਏ ਅਤੇ ਸਾਡੇ ਉੱਤੇ ਉਸ ਦੇ ਪਰਤਾਪ ਨੂੰ ਵੇਖ ਕੇ ਲੋਕ ਪਿਤਾ ਅਤੇ ਯਿਸੂ ਦੇ ਪ੍ਰੇਮ, ਦਯਾ ਅਤੇ ਕਿਰਪਾ ਬਾਰੇ ਜਾਣਨ।

  ਜਿਨ੍ਹਾਂ ਵਿੱਚ ਇਸ ਜੁੱਗ ਦੇ ਈਸ਼ੁਰ ਨੇ ਬੇਪਰਤੀਤਿਆਂ ਦੀਆਂ ਬੁੱਧਾਂ ਅੰਨ੍ਹੀਆਂ ਕਰ ਦਿੱਤੀਆਂ 2ਮਤੇ **ਮਸੀਹ** ਜੋ ਪਰਮੇਸ਼ੁਰ ਦਾ ਸਰੂਪ ਹੈ **ਉਹ ਦੇ ਤੇਜ ਦੀ ਖੁਸ਼ ਖਬਰੀ ਦਾ ਚਾਨਣ** ਉਨ੍ਹਾਂ ਉੱਤੇ ਪਰਕਾਸ਼ ਹੋਵੇ।  2 ਕੁਰੰਥੀਆਂ 4:4

  - ਖੁਸ਼ਖ਼ਬਰੀ – ਜੋ ਯਿਸੂ ਮਸੀਹ ਨੇ ਸਾਡੇ ਲਈ ਕੀਤਾ ਹੈ – ਇਹ ਸੱਚਮੁੱਚ **ਮਸੀਹ ਦੇ ਤੇਜ ਦਾ ਚਾਨਣ** ਹੈ।

- ਮਰਕੁਸ 16:15-18  ਉਸ ਨੇ ਉਨ੍ਹਾਂ ਨੂੰ ਆਖਿਆ, ਤੁਸੀਂ ਸਾਰੇ ਜਗਤ ਵਿੱਚ **ਜਾ ਕੇ** ਸਰਬੱਤ ਸਰਿਸ਼ਟ ਦੇ ਸਾਹਮਣੇ **ਖੁਸ਼ ਖਬਰੀ
  ਦਾ ਪਰਚਾਰ ਕਰੋ**। 16 ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ
  ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ। 17 ਅਤੇ ਨਿਹਚਾ ਕਰਨ ਵਾਲਿਆਂ ਦੇ **ਨਾਲ ਨਾਲ ਏਹ ਨਿਸ਼ਾਨ ਹੋਣਗੇ** ਜੋ ਓਹ
  ਮੇਰਾ ਨਾਮ ਲੈ ਕੇ ਭੂਤਾਂ ਨੂੰ **ਕੱਢਣਗੇ**, ਓਹ ਨਵੀਆਂ ਨਵੀਆਂ ਬੋਲੀਆਂ **ਬੋਲਣਗੇ**, 18 ਓਹ ਸੱਪਾਂ ਨੂੰ **ਚੁੱਕ ਲੈਣਗੇ** ਅਤੇ ਜੇ ਕੋਈ
  ਜ਼ਹਿਰ ਵਾਲੀ ਚੀਜ਼ **ਪੀ ਲੈਣ** ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ। ਓਹ **ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਓਹ ਚੰਗੇ ਹੋ ਜਾਣਗੇ**।

ਇਹ ਉਸੇ ਤਰ੍ਹਾਂ ਹੋਵੇਗਾ ਜਿਵੇਂ ਯੂਹੰਨਾ 15 ਵਿੱਚ ਦੱਸਿਆ ਗਿਆ ਹੈ।

ਯੂਹੰਨਾ 15:1-2 ਮੈਂ ਸੱਚੀ ਅੰਗੂਰ ਦੀ ਬੇਲ ਹਾਂ ਅਤੇ ਮੇਰਾ ਪਿਤਾ ਬਾਗਵਾਨ ਹੈ। 2 ਹਰੇਕ ਟਹਿਣੀ ਜਿਹੜੀ ਮੇਰੇ ਵਿੱਚ ਹੈ ਅਰ **ਫਲ ਨਹੀਂ**
**ਦਿੰਦੀ** ਉਹ ਉਸ ਨੂੰ ਲਾਹ ਸੁੱਟਦਾ ਹੈ ਅਤੇ ਹਰੇਕ ਜੋ ਫਲ ਦਿੰਦੀ ਹੈ **ਉਹ** ਉਸ ਨੂੰ **ਛਾਂਗਦਾ** ਹੈ **ਤਾਂ ਜੋ ਹੋਰ ਵੀ ਫਲ ਦੇਵੇ**।

- ਸਾਡਾ ਉਦੇਸ਼ ਹੈ – ਫਲ ਦੇਣਾ – ਅਤੇ ਸਾਡੇ ਜੀਵਨ ਵਿੱਚ ਬਹੁਤ ਸਾਰੀਆਂ ਮੁਸ਼ਕਲਾਂ ਪਿਤਾ ਵੱਲੋਂ ਸਾਡੇ ਜੀਵਨ ਵਿੱਚ ਕੀਤਾ ਜਾਣ ਵਾਲਾ ਛਂਗਾਈ ਦਾ ਕੰਮ ਹੈ ਤਾਂ ਕਿ "ਅਸੀਂ ਬਹੁਤਾ ਫਲ ਦੇ ਸਕੀਏ।"

4 **ਤੁਸੀਂ ਮੇਰੇ ਵਿੱਚ ਰਹੋ ਅਤੇ ਮੈਂ ਤੁਹਾਡੇ ਵਿੱਚ**। ਜਿਸ ਪਰਕਾਰ **ਟਹਿਣੀ** ਜੇ ਉਹ ਅੰਗੂਰ ਦੀ ਬੇਲ ਵਿੱਚ ਨਾ ਰਹੇ **ਆਪਣੇ ਆਪ ਫਲ ਨਹੀਂ ਦੇ**
**ਸੱਕਦੀ** ਇਸੇ ਪਰਕਾਰ **ਤੁਸੀਂ ਵੀ** ਜੇ **ਮੇਰੇ ਵਿੱਚ ਨਾ ਰਹੋ ਫਲ ਨਹੀਂ ਦੇ ਸੱਕਦੇ**। 5 ਅੰਗੂਰ ਦੀ ਬੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ। ਜੋ **ਮੇਰੇ ਵਿੱਚ**
**ਰਹਿੰਦਾ** ਹੈ ਅਤੇ ਮੈਂ ਉਸ ਵਿੱਚ ਸੋਈ **ਬਹੁਤਾ ਫਲ ਦਿੰਦਾ ਹੈ ਕਿਉਂ ਜੋ ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸੱਕਦੇ।**

- ਯਿਸੂ ਵਿੱਚ ਬਣੇ ਰਹਿਣਾ ਇੱਕ ਔਖਾ ਕੰਮ ਹੋ ਸਕਦਾ ਹੈ। "ਨਵਾਂ ਜਨਮ" ਲੈਣ ਤੋਂ ਪਹਿਲਾਂ ਅਸੀਂ ਇੱਕ ਬਿਲਕੁਲ ਹੀ ਵੱਖਰੇ "ਜ਼ਹਿਰੀਲੇ" ਫਲ ਵਾਲੇ ਰੁੱਖ ਦਾ ਹਿੱਸਾ ਸੀ।

  ਰੋਮੀਆਂ 11:17 ਪਰ . . . ਤੂੰ ਜਿਹੜਾ ਜੰਗਲੀ ਜ਼ੈਤੂਨ ਸੈਂ ਓਹਨਾਂ **ਵਿੱਚ ਪੇਉਂਦ ਚਾੜ੍ਹਿਆ ਗਿਆ** ਅਤੇ ਜ਼ੈਤੂਨ ਦੀ **ਜੜ੍ਹ ਦੇ ਰਸ** ਦਾ ਸਾਂਝੀ ਹੋਇਆ ਹੈਂ

  ਸਾਨੂੰ ਆਪਣੀਆਂ ਪੁਰਾਣੀਆਂ ਜੜ੍ਹਾਂ ਨੂੰ ਤਿਆਗਣਾ ਜ਼ਰੂਰੀ ਹੈ। ਸਾਡੀਆਂ ਗੱਲਾਂ ਅਤੇ ਸਾਡੇ ਕੰਮ ਸਾਡੀ ਪੁਰਾਣੀ ਜ਼ਹਿਰੀਲੀ ਜੜ੍ਹ ਤੋਂ ਨਹੀਂ ਹੋਣੇ ਚਾਹੀਦੇ, ਸਗੋਂ ਹੁਣ ਇਹ "ਜੈਤੂਨ ਦੀ ਜੜ੍ਹ ਦੇ ਰਸ" ਤੋਂ ਹੋਣੇ ਚਾਹੀਦੇ ਹਨ।

7 **ਜੇ ਤੁਸੀਂ ਮੇਰੇ ਵਿੱਚ ਰਹੋ** ਅਤੇ **ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ** ਤਾਂ ਜੋ ਚਾਹੋ **ਮੰਗੋ** ਅਤੇ **ਉਹ ਤੁਹਾਡੇ ਲਈ ਹੋ ਜਾਵੇਗਾ**।

- ਜਿਵੇਂ ਅੰਗੂਰ ਦੀ ਵੇਲ ਦੇ ਰਾਹੀਂ ਟਹਿਣੀ ਨੂੰ ਜੀਵਨ ਮਿਲਦਾ ਹੈ, ਉਸੇ ਤਰ੍ਹਾਂ ਜਦੋਂ ਅਸੀਂ ਉਸ ਵਿੱਚ **ਬਣੇ ਰਹਿੰਦੇ** ਹਾਂ ਅਤੇ ਉਸ ਦਾ ਵਚਨ ਜੋ ਜੀਵਨ ਹੈ (ਯੂਹੰਨਾ 6: 63) ਸਾਡੇ ਅੰਦਰ ਆਣ ਕੇ ਸਾਡੀਆਂ ਇੱਛਾਵਾਂ ਨੂੰ, ਜੋ ਕਿ ਅਸਲ ਵਿੱਚ ਉਸ ਦੀਆਂ ਇੱਛਾਵਾਂ ਹਨ, ਸਿਰਜਦਾ ਹੈ ਤਾਂ "ਤੁਸੀਂ ਜੋ ਚਾਹੋ ਮੰਗੋ ਉਹ ਤੁਹਾਡੇ ਲਈ ਹੋ ਜਾਵੇਗਾ।"

8 **ਮੇਰੇ ਪਿਤਾ ਦੀ ਵਡਿਆਈ ਇਸੇ ਤੋਂ ਹੁੰਦੀ ਹੈ** ਜੋ ਤੁਸੀਂ ਬਹੁਤਾ ਫਲ ਦਿਓ ਅਰ ਇਉਂ ਤੁਸੀਂ ਮੇਰੇ ਚੇਲੇ ਹੋਵੇਗੇ। 9 **ਜਿਵੇਂ** ਪਿਤਾ ਨੇ ਮੇਰੇ
ਨਾਲ ਪਿਆਰ ਕੀਤਾ ਤਿਵੇਂ **ਮੈਂ ਵੀ** ਤੁਹਾਡੇ ਨਾਲ **ਪਿਆਰ ਕੀਤਾ**। ਤੁਸੀਂ **ਮੇਰੇ ਪ੍ਰੇਮ ਵਿੱਚ ਰਹੋ**।

ਅਸੀਂ "ਉਸ ਦੇ ਪ੍ਰੇਮ ਵਿੱਚ" ਕਿਵੇਂ "ਬਣੇ ਰਹਿ ਸਕਦੇ ਹਾਂ?"

10 **ਜੇਕਰ ਤੁਸੀਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ** (ਵੇਖੋ ਯੂਹੰਨਾ 13: 34 ਅਤੇ 15:12) ਤਾਂ ਮੇਰੇ ਪ੍ਰੇਮ ਵਿੱਚ ਰਹੋਗੇ ਜਿਵੇਂ ਮੈਂ ਆਪਣੇ ਪਿਤਾ
ਦੇ ਹੁਕਮਾਂ ਦੀ ਪਾਲਨਾ ਕੀਤੀ ਹੈ ਅਤੇ ਉਹ ਦੇ ਪ੍ਰੇਮ ਵਿੱਚ ਰਹਿੰਦਾ ਹਾਂ।

- ਜਿਵੇਂ ਅੰਗੂਰ ਦੀ ਵੇਲ ਰਾਹੀਂ ਹੀ ਜੀਵਨ ਇਸ ਦੀਆਂ ਟਹਿਣੀਆਂ ਵੱਲ ਵਹਿੰਦਾ ਹੈ, ਉਸੇ ਤਰ੍ਹਾਂ ਜਦੋਂ ਅਸੀਂ "ਉਸ ਵਿੱਚ ਬਣੇ ਰਹਿੰਦੇ" ਹਾਂ ਤਾਂ ਉਸ ਦਾ ਵਚਨ ਸਾਡੇ ਅੰਦਰ ਵਹਿੰਦਾ ਹੈ ਅਤੇ ਅਸੀਂ ਉਸੇ ਨੂੰ ਬੋਲਦੇ, ਕਰਦੇ ਅਤੇ ਮੰਨਦੇ ਹਾਂ।

11 ਏਹ ਗੱਲਾਂ ਮੈਂ ਤੁਹਾਨੂੰ ਇਸ ਲਈ ਆਖੀਆਂ ਜੋ ਮੇਰੀ **ਖੁਸ਼ੀ** ਤੁਹਾਡੇ ਵਿੱਚ ਹੋਵੇ ਅਤੇ ਤੁਹਾਡੀ **ਖੁਸ਼ੀ** ਪੂਰੀ ਹੋ ਜਾਵੇ।

- ਅਸੀਂ ਪਿਤਾ ਅਤੇ ਪੁੱਤਰ ਦੀ ਮਹਿਮਾ ਲਈ ਸਿਰਜੇ ਗਏ ਹਾਂ ਅਤੇ ਇਹ ਕਰਨ ਨਾਲ ਸਾਨੂੰ ਭਰਪੂਰ ਸੰਤੁਸ਼ਟੀ ਅਤੇ ਵੱਡਾ ਅਨੰਦ ਮਿਲਦਾ ਹੈ।

# ਇਹ ਸਭ ਪਰਮੇਸ਼ੁਰ ਦੇ ਤੇਜ ਦਾ ਮਾਮਲਾ ਹੈ

ਯੂਹੰਨਾ 2:11 ਇਹ ਨਿਸ਼ਾਨਾਂ ਦਾ ਅਰੰਭ ਸੀ ਜਿਹੜਾ ਯਿਸੂ ਨੇ ਗਲੀਲ ਦੇ ਕਾਨਾ ਵਿੱਚ ਵਿਖਾ ਕੇ **ਆਪਣਾ ਤੇਜ ਪਰਗਟ ਕੀਤਾ**, ਅਰ ਉਹ ਦੇ ਚੇਲਿਆਂ ਨੇ **ਉਸ ਉੱਤੇ ਨਿਹਚਾ ਕੀਤੀ**।

- ਨਿਸ਼ਾਨਾਂ, ਅਚੰਭਿਆਂ ਅਤੇ ਚਮਤਕਾਰਾਂ ਨਾਲ ਸਾਡੇ ਪ੍ਰਭੂ ਯਿਸੂ ਮਸੀਹ ਦਾ ਤੇਜ ਦੂਜਿਆਂ ਉੱਤੇ ਪਰਗਟ ਹੁੰਦਾ ਹੈ ਅਤੇ ਇਨ੍ਹਾਂ ਨਾਲ ਨਿਹਚਾ ਪੈਦਾ ਹੁੰਦੀ ਹੈ ਤਾਂ ਜੋ ਉਹ **ਉਸ ਉੱਤੇ ਵਿਸ਼ਵਾਸ ਕਰਨ**।

ਲਾਜ਼ਰ ਨੂੰ ਮੁਰਦਿਆਂ ਵਿੱਚੋਂ ਜਿਵਾਲਣਾ:

ਯੂਹੰਨਾ 11:40 ਯਿਸੂ ਨੇ ਉਹ ਨੂੰ ਕਿਹਾ, ਕੀ ਮੈਂ ਤੈਨੂੰ ਨਹੀਂ ਆਖਿਆ ਭਈ ਜੇ ਤੂੰ **ਪਰਤੀਤ ਕਰੇਂ** ਤਾਂ **ਪਰਮੇਸ਼ੁਰ ਦੀ ਵਡਿਆਈ** ਵੇਖੇਂਗੀ? 41
ਸੋ ਉਨ੍ਹਾਂ ਉਸ ਪੱਥਰ ਨੂੰ ਹਟਾ ਦਿੱਤਾ ਅਤੇ ਯਿਸੂ ਨੇ ਅੱਖਾਂ ਉਤਾਹਾਂ ਕਰ ਕੇ ਆਖਿਆ, ਹੇ ਪਿਤਾ ਮੈਂ ਤੇਰਾ ਸ਼ੁਕਰ ਕਰਦਾ ਹਾਂ ਜੋ ਤੈਂ ਮੇਰੀ ਸੁਣੀ।
42 ਅਤੇ ਮੈਂ ਜਾਣਿਆ ਜੋ ਤੂੰ ਮੇਰੀ ਸਦਾ ਸੁਣਦਾ ਹੈਂ ਪਰ ਇਨ੍ਹਾਂ **ਲੋਕਾਂ ਦੇ ਕਾਰਨ** ਜਿਹੜੇ ਆਲੇ ਦੁਆਲੇ ਖੜੇ ਹਨ ਮੈਂ ਇਹ ਆਖਿਆ **ਤਾਂ ਓਹ ਪਰਤੀਤ ਕਰਨ** ਜੋ ਤੈਂ ਮੈਨੂੰ ਘੱਲਿਆ।

- ਚਿੰਨ੍ਹ ਅਤੇ ਅਚੰਭੇ ਨਿਹਚਾ ਨੂੰ ਪੈਦਾ ਕਰਦੇ ਹਨ ਅਤੇ ਇਨ੍ਹਾਂ ਦੁਆਰਾ ਪ੍ਰਭੂ ਯਿਸੂ ਮਸੀਹ ਨੂੰ ਵਡਿਆਈ ਮਿਲਦੀ ਹੈ।

1 ਕੁਰਿੰਥੀਆਂ 10:31 ਸੋ ਭਾਵੇਂ ਤੁਸੀਂ ਖਾਂਦੇ ਭਾਵੇਂ ਪੀਂਦੇ ਭਾਵੇਂ ਕੁਝ ਹੀ ਕਰਦੇ ਹੋ **ਸੱਭੋ ਕੁਝ ਪਰਮੇਸ਼ੁਰ ਦੀ ਵਡਿਆਈ ਲਈ ਕਰੋ**।

## ਇੱਕ ਮਸੀਹੀ ਵਾਸਤੇ ਜ਼ਿੰਦਗੀ ਪਰਮੇਸ਼ੁਰ ਦੀ ਵਡਿਆਈ ਦਾ ਮਾਮਲਾ ਹੈ

2 ਕੁਰਿੰਥੀਆਂ 3:18 ਪਰ ਅਸੀਂ ਸਭ ਅਣਕੱਜੇ ਮੁੱਖ ਨਾਲ ਪ੍ਰਭੁ ਦੇ **ਤੇਜ** ਦਾ ਮਾਨੋ ਸ਼ੀਸ਼ੇ ਵਿੱਚੋਂ ਪ੍ਰਤਿਬਿੰਬ ਵੇਖਦੇ ਹੋਏ **ਤੇਜ ਤੋਂ ਤੇਜ** ਤੀਕ ਜਿਵੇਂ ਪ੍ਰਭੁ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ **ਬਦਲਦੇ ਜਾਂਦੇ** ਹਾਂ।

- ਜਿੰਨਾਂ ਅਸੀਂ **ਉਸ ਦੀ ਹਜ਼ੂਰੀ ਵਿੱਚ ਬਣੇ ਰਹਿੰਦੇ** ਹਾਂ ਅਤੇ ਉਸ ਦੇ ਤੇਜ ਦਾ ਦਰਸ਼ਨ ਪਾਉਂਦੇ ਹਾਂ, **ਉਨ੍ਹਾਂ ਜ਼ਿਆਦਾ ਉਸ ਦਾ ਤੇਜ** (ਜਿਸ ਨੂੰ ਅਸੀਂ ਪ੍ਰੇਮ, ਅਨੰਦ ਅਤੇ ਸ਼ਾਂਤੀ ਦੇ ਤੌਰ ਤੇ ਜਾਣਦੇ ਹਾਂ) **ਸਾਡੇ ਵਿੱਚੋਂ ਦਿੱਸਦਾ** ਹੈ ਅਤੇ ਸਾਡੇ ਕੰਮਾਂ ਰਾਹੀਂ ਵਿਖਾਈ ਦਿੰਦਾ ਹੈ। ਲੋਕਾਂ ਦੀ ਭੀੜ ਵਿੱਚ ਤੁਸੀਂ ਵੱਖਰੇ ਦਿੱਸਦੇ ਹੋ, ਲੋਕ ਤੁਹਾਡੇ ਵੱਲ ਵੇਖਦੇ ਹਨ ਅਤੇ ਤੁਹਾਡੇ ਵੱਲ ਖਿੱਚੇ ਆਉਂਦੇ ਹਨ।

- ਜਦੋਂ ਸੂਰਜ ਆਪ ਵਿਖਾਈ ਨਹੀਂ ਦਿੰਦਾ ਤਾਂ ਉਦੋਂ ਚੰਦਰਮਾ "ਉਸ ਦੀ ਸ਼ਾਨਦਾਰ ਰੌਸ਼ਨੀ" ਨੂੰ ਪ੍ਰਤਿਬਿੰਬਤ ਕਰਦਾ ਹੈ, ਉਸੇ ਤਰ੍ਹਾਂ ਅਸੀਂ ਵੀ "ਪੁੱਤਰ" ਦੀ ਰੌਸ਼ਨੀ ਨੂੰ ਇਸ ਸੰਸਾਰ ਦੇ ਹਨੇਰੇ ਵਿੱਚ ਚਮਕਾਉਣਾ ਹੈ। ਉਸ ਨੇ ਸਾਡੇ ਉੱਤੇ ਭਰੋਸਾ ਕੀਤਾ ਹੈ ਕਿ ਅਸੀਂ ਉਸ ਦੇ ਤੇਜ ਨੂੰ ਪਰਗਟ ਕਰੀਏ।

- ਜਿਵੇਂ ਰੌਸ਼ਨੀ ਅਰਥਾਤ ਤੇਜ, ਚੰਦਰਮਾ ਦਾ ਆਪਣਾ ਨਹੀਂ ਹੈ, ਉਸੇ ਤਰ੍ਹਾਂ ਸਾਡੇ ਕੰਮ ਵੀ ਸਾਡੀ ਨਹੀਂ, ਸਗੋਂ ਕੇਵਲ ਪਰਮੇਸ਼ੁਰ ਦੀ ਵਡਿਆਈ ਲਈ ਹਨ।

- ਇੱਕ ਢੁਕਵਾਂ ਉਦਾਹਰਣ:

ਮੱਤੀ 3:45-47 ਫੇਰ ਸੁਰਗ ਦਾ ਰਾਜ ਇੱਕ ਬੁਪਾਰੀ ਵਰਗਾ ਹੈ ਜਿਹੜਾ ਚੰਗੇ ਮੋਤੀਆਂ ਨੂੰ ਲੱਭਦਾ ਫਿਰਦਾ ਸੀ। 46 ਜਦ ਉਹ ਨੂੰ **ਇੱਕ ਮੋਤੀ ਭਾਰੇ ਮੁੱਲ ਦਾ** ਮਿਲਿਆ ਤਾਂ ਗਿਆ ਅਤੇ **ਆਪਣਾ ਸਭ ਕੁਝ ਵੇਚ ਕੇ ਉਹ ਨੂੰ ਮੁੱਲ ਲਿਆ**।

- ਉਹ ਜਿਸ ਨੇ "ਆਪਣਾ ਸਭ ਕੁਝ ਵੇਚ ਦਿੱਤਾ" ਉਹ **ਯਿਸੂ** ਹੈ, ਜਿਸ ਨੇ ਸਾਨੂੰ ਛੁਡਾਇਆ ਅਤੇ ਖਰੀਦਿਆ। ਮੁੱਲ ਤਾਂ ਉਸ ਕੀਮਤ ਨਾਲ ਹੀ ਤੈਅ ਹੁੰਦਾ ਹੈ ਜਿਹੜੀ ਖਰੀਦਣ ਵਾਲਾ ਚੁਕਾਉਣ ਲਈ ਤਿਆਰ ਹੁੰਦਾ ਹੈ, ਇਸੇ ਕਰਕੇ "ਪਰਮੇਸ਼ੁਰ ਦੇ ਲੋਕ" "ਭਾਰੇ ਮੁੱਲ ਦੇ ਮੋਤੀ" ਹਨ।

- ਮੋਤੀ ਘੋਗੇ ਦੇ ਅੰਦਰ ਰੇਤ ਦੇ ਇੱਕ ਕਣ ਤੋਂ, ਜੋ ਕਿ ਰੜਕ ਪੈਦਾ ਕਰਦਾ ਹੈ, ਬਣਦਾ ਹੈ। ਘੋਗੇ ਦਾ ਅੰਦਰਲਾ ਪਾਸਾ ਜੋ ਇੱਕ ਸੁੰਦਰ ਚਮਕਦਾਰ ਪਦਾਰਥ ਦਾ ਬਣਿਆ ਹੁੰਦਾ ਹੈ ਉਹ ਉਸੇ ਨਾਲ ਰੇਤ ਦੇ ਕਣ ਨੂੰ ਢੱਕਣਾ ਸ਼ੁਰੂ ਕਰ ਦਿੰਦਾ ਹੈ।

- ਅਸੀਂ ਪਰਮੇਸ਼ੁਰ ਲਈ ਅਤੇ ਦੂਸਰਿਆਂ ਲਈ ਇੱਕ "ਰੜਕ" ਸਾਂ, ਪਰ ਜਦੋਂ ਅਸੀਂ "ਯਿਸੂ ਵਿੱਚ" ਆ ਜਾਂਦੇ ਹਾਂ ਤਾਂ ਉਹ ਸਾਡੇ ਉੱਤੇ ਵੀ ਉਸੇ ਪਦਾਰਥ ਅਰਥਾਤ - ਆਪਣੇ ਤੇਜ - ਦੀ ਪਰਤ ਚੜ੍ਹਾਉਣਾ ਸ਼ੁਰੂ ਕਰ ਦਿੰਦਾ ਹੈ ਅਤੇ ਇੱਕ ਤੋਂ ਬਾਦ ਇੱਕ ਪਰਤ ਚੜ੍ਹਾਈ ਜਾਂਦਾ ਹੈ ਜਿਸ ਨਾਲ ਅਸੀਂ **ਤੇਜ ਤੋਂ ਤੇਜ** ਤੀਕ ਜਿਵੇਂ ਪ੍ਰਭੁ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ **ਬਦਲਦੇ ਜਾਂਦੇ** ਹਾਂ।

ਮੱਤੀ 5:16 ਇਸੇ ਤਰ੍ਹਾਂ ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਓਹ ਤੁਹਾਡੇ **ਸ਼ੁਭ ਕਰਮ** ਵੇਖ ਕੇ **ਤੁਹਾਡੇ ਪਿਤਾ ਦੀ** ਜਿਹੜਾ ਸੁਰਗ ਵਿੱਚ ਹੈ **ਵਡਿਆਈ ਕਰਨ**।

1 ਕੁਰਿੰਥੀਆਂ 6:20 ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ, ਇਸ ਲਈ ਆਪਣੀ ਦੇਹੀ ਨਾਲ **ਪਰਮੇਸ਼ੁਰ ਦੀ ਵਡਿਆਈ ਕਰੋ**।

- ਆਪਣੇ ਸਰੀਰ ਨਾਲ ਇਸ ਤਰ੍ਹਾਂ ਵਰਤਾਓ ਕਰੋ ਕਿ ਇਹ ਤੁਹਾਡਾ ਆਪਣਾ ਨਹੀਂ ਬਲਕਿ ਪ੍ਰਭੂ ਦਾ ਹੈ ਅਤੇ ਇਸ ਨੂੰ ਤੰਦਰੁਸਤ ਅਤੇ ਪਵਿੱਤਰ ਰੱਖੋ। ਆਪਣੇ ਸਰੀਰ ਨੂੰ ਅਰਥਾਤ – ਆਪਣੇ ਜੀਵਨ ਜੀਉਣ ਦਾ ਢੰਗ – "ਪਰਮੇਸ਼ੁਰ ਦੀ ਵਡਿਆਈ" ਲਈ ਇਸਤੇਮਾਲ ਕਰੋ।

1 ਪਤਰਸ 2:12 ਅਤੇ ਪਰਾਈਆਂ ਕੌਮਾਂ ਵਿੱਚ ਆਪਣੀ **ਚਾਲ ਨੇਕ ਰੱਖੋ** ਭਈ ਜਿਸ ਗੱਲ ਵਿੱਚ ਓਹ ਤੁਹਾਨੂੰ ਬੁਰਿਆਰ ਜਾਣ ਕੇ ਤੁਹਾਡੇ ਵਿਰੁੱਧ ਬੋਲਦੇ ਹਨ ਓਹ **ਤੁਹਾਡੇ ਸ਼ੁਭ ਕਰਮਾਂ** ਦੇ ਕਾਰਨ ਜਿਹੜੇ ਵੇਖਦੇ ਹਨ ਓਸ ਦਿਨ ਜਦ ਉਨ੍ਹਾਂ ਉੱਤੇ ਦਯਾ ਦਰਿਸ਼ਟੀ ਹੋਵੇ **ਪਰਮੇਸ਼ੁਰ ਦੀ ਵਡਿਆਈ ਕਰਨ**।

2 ਥੱਸਲੁਨੀਕੀਆਂ 1:11-12 ਇਸੇ ਕਰਕੇ ਅਸੀਂ ਤੁਹਾਡੇ ਲਈ ਸਦਾ ਪ੍ਰਾਰਥਨਾ ਕਰਦੇ ਰਹਿੰਦੇ ਹਾਂ ਭਈ ਤੁਹਾਨੂੰ ਸਾਡਾ ਪਰਮੇਸ਼ੁਰ ਤੁਹਾਡੇ ਸੱਦੇ ਦੇ ਜੋਗ ਜਾਣੇ ਅਤੇ **ਨੇਕੀ ਦੀ ਸਾਰੀ ਭਾਵਨਾ** ਨੂੰ ਅਤੇ **ਨਿਹਚਾ ਦੇ ਕੰਮ ਨੂੰ ਸਮਰੱਥਾ ਨਾਲ** ਪੂਰਿਆਂ ਕਰੇ 12 **ਤਾਂ ਜੋ** ਸਾਡੇ ਪਰਮੇਸ਼ੁਰ ਅਤੇ ਪ੍ਰਭੁ ਯਿਸੂ ਮਸੀਹ ਦੀ ਕਿਰਪਾ ਦੇ ਅਨੁਸਾਰ **ਤੁਹਾਡੇ ਵਿੱਚ** ਸਾਡੇ **ਪ੍ਰਭੁ ਯਿਸੂ** ਦਾ **ਨਾਮ** ਵਡਿਆਇਆ ਜਾਵੇ ਅਤੇ **ਉਸ ਵਿੱਚ ਤੁਸੀਂ** ਵੀ।

ਜ਼ਬੂਰ 29:2 **ਮਹਿਮਾ** ਯਹੋਵਾਹ **ਦੇ ਨਾਮ ਦੀ ਮੰਨੋ**, ਪਵਿੱਤਰ ਬਸਤਰ ਵਿੱਚ ਯਹੋਵਾਹ ਨੂੰ ਮੱਥਾ ਟੇਕੋ।

ਜ਼ਬੂਰ 96:1-3 ਯਹੋਵਾਹ ਲਈ ਇੱਕ ਨਵਾਂ ਗੀਤ ਗਾਓ, ਹੇ ਸਾਰੀ ਸਰਿਸ਼ਟੀ ਯਹੋਵਾਹ ਲਈ ਗਾਓ! 2 ਯਹੋਵਾਹ ਲਈ ਗਾਓ, ਉਹ ਦੇ ਨਾਮ ਨੂੰ ਮੁਬਾਰਕ ਆਖੋ, ਉਹ ਦੀ **ਮੁਕਤੀ ਦਾ** ਦਿਨੋ ਦਿਨ **ਪਰਚਾਰ ਕਰੋ**! 3 **ਕੌਮਾਂ ਦੇ ਵਿੱਚ ਉਹ ਦੇ ਪਰਤਾਪ ਦਾ**, ਅਤੇ ਸਾਰੇ ਲੋਕਾਂ ਵਿੱਚ ਉਹ ਦੇ ਅਚਰਜ ਕੰਮਾਂ ਦਾ **ਵਰਨਣ ਕਰੋ**।

ਹਬੱਕੂਕ 2:14 ਧਰਤੀ ਤਾਂ ਯਹੋਵਾਹ ਦੇ ਪਰਤਾਪ ਦੇ ਗਿਆਨ ਨਾਲ **ਭਰ ਜਾਵੇਗੀ**, ਜਿਵੇਂ ਸਮੁੰਦਰ ਪਾਣੀ ਨਾਲ ਭਰਪੂਰ ਹੈ।

ਪਰਕਾਸ਼ ਦੀ ਪੋਥੀ 4:11 ਹੇ ਸਾਡੇ ਪ੍ਰਭੁ ਅਤੇ ਪਰਮੇਸ਼ੁਰ, **ਤੂੰ ਮਹਿਮਾ, ਮਾਣ,** ਅਤੇ ਸਮਰੱਥਾ **ਲੈਣ ਦੇ ਜੋਗ ਹੈਂ**, ਤੈਂ ਜੋ ਸਾਰੀਆਂ ਵਸਤਾਂ ਰਚੀਆਂ, ਅਤੇ ਓਹ ਤੇਰੀ ਹੀ ਇੱਛਿਆ ਨਾਲ ਹੋਈਆਂ ਅਤੇ ਰਚੀਆਂ ਗਈਆਂ!

ਪਰਕਾਸ਼ ਦੀ ਪੋਥੀ 5:11-14 ਤਾਂ ਮੈਂ ਡਿੱਠਾ ਅਤੇ ਸਿੰਘਾਸਣ, ਓਹਨਾਂ ਜੰਤੂਆਂ, ਅਤੇ ਬਜ਼ੁਰਗਾਂ ਦੇ ਦੁਆਲੇ ਬਹੁਤਿਆਂ ਦੂਤਾਂ ਦੀ ਅਵਾਜ਼
ਸੁਣੀ ਅਤੇ ਓਹਨਾਂ ਦੀ ਗਿਣਤੀ ਲੱਖਾਂ ਅਤੇ ਕਰੋੜਾਂ ਸੀ। 12 ਅਤੇ ਓਹ ਵੱਡੀ ਅਵਾਜ਼ ਨਾਲ ਇਹ ਆਖਦੇ ਸਨ,- **ਲੇਲਾ** ਜਿਹੜਾ ਕੋਹਿਆ
ਗਿਆ ਸੀ ਸਮਰੱਥਾ, ਧਨ, ਬੁੱਧ, ਸ਼ਕਤੀ, ਮਾਣ, **ਮਹਿਮਾ** ਅਤੇ ਧੰਨਵਾਦ ਲੈਣ ਦੇ **ਜੋਗ ਹੈ**! 13 ਹਰੇਕ ਸਰਿਸ਼ਟ ਨੂੰ ਜੋ ਸੁਰਗ ਵਿੱਚ ਅਤੇ ਧਰਤੀ
ਉੱਤੇ ਅਤੇ ਧਰਤੀ ਦੇ ਹੇਠ ਅਤੇ ਸਮੁੰਦਰ ਉੱਤੇ ਹੈ ਅਤੇ ਸੱਭੇ ਜੋ ਓਹਨਾਂ ਦੇ ਵਿੱਚ ਹਨ ਮੈਂ ਇਹ ਆਖਦੇ ਸੁਣਿਆ, ਜਿਹੜਾ ਸਿੰਘਾਸਣ ਉੱਤੇ
ਬਿਰਾਜਮਾਨ ਹੈ, ਉਹ ਦਾ ਅਤੇ **ਲੇਲੇ ਦਾ** ਧੰਨਵਾਦ, **ਮਾਣ, ਮਹਿਮਾ** ਪ੍ਰਾਕਰਮ ਜੁੱਗੋ ਜੁੱਗ ਹੋਵੇ!

14 ਚਾਰੇ ਜੰਤੂ ਬੋਲੇ, ਆਮੀਨ ਅਤੇ ਓਹਨਾਂ ਬਜ਼ੁਰਗਾਂ ਨੇ ਡਿੱਗ ਕੇ ਮੱਥਾ ਟੇਕਿਆ।

"ਆਮੀਨ!"